ASIAN LAW CAUCUS

# ਕੈਲੀਫੋਰਨੀਆ 'ਚ ਨਵੰਬਰ 2024 ਦੀਆਂ ਚੋਣਾਂ ਵਿੱਚ ਵੋਟ ਕਿਵੇਂ ਪਾਈਏ

## ਤਿਆਰ ਹੋ ਜਾਉ

ਜੇਕਰ ਤੁਸੀਂ ਵੋਟ ਪਾਉਣ ਲਈ ਪਹਿਲਾਂ ਤੋਂ ਹੀ ਰਜਿਸਟਰਡ ਹੋ, ਤਾਂ voterstatus.sos.ca.gov 'ਤੇ ਜਾਓ ਅਤੇ ਆਪਣੀ ਸਾਰੀ ਜਾਣਕਾਰੀ ਠੀਕ ਹੈ ਜਾਂ ਨਹੀਂ ਦੇਖ ਯਕੀਨੀ ਬਣਾਉ। ਜੇਕਰ ਤੁਸੀਂ ਰਜਿਸਟਰਡ ਨਹੀਂ ਹੋ ਜਾਂ ਤੁਸੀਂ ਆਪਣਾ ਨਾਮ ਬਦਲਣ ਜਾਂ ਰਹਿਣ ਦੀ ਜਗ੍ਹਾ ਬਦਲਣ ਕਰਕੇ ਦੁਬਾਰਾ ਰਜਿਸਟਰ ਕਰਨਾ ਚਾਹੁੰਦੇ ਹੋ, ਤਾਂ ਤੁਸੀਂ registertovote.ca.gov 'ਤੇ ਆਨਲਾਈਨ ਰਜਿਸਟਰ ਕਰ ਸਕਦੇ ਹੋ ਜਾਂ DMV, ਡਾਕਘਰ, ਲਾਇਬ੍ਰੇਰੀ, ਜਾਂ ਆਪਣੇ ਕਾਉਂਟੀ ਚੋਣ ਦਫ਼ਤਰ ਤੋਂ ਫਾਰਮ ਲੈ ਕੇ ਕਰ ਸਕਦੇ ਹੋ। 21 ਅਕਤੂਬਰ ਤੋਂ ਬਾਅਦ, ਤੁਸੀਂ ਆਪਣੇ ਚੋਣ ਦਫ਼ਤਰ ਜਾਂ ਪੋਲਿੰਗ ਸਥਾਨ 'ਤੇ ਚੋਣ ਵਾਲੇ ਦਿਨ (ਮੰਗਲਵਾਰ, 5 ਨਵੰਬਰ) ਤੱਕ ਵੀ ਰਜਿਸਟਰ ਕਰ ਸਕਦੇ ਹੋ। ਤੁਸੀਂ ਚੋਣ ਵਾਲੇ ਦਿਨ (ਮੰਗਲਵਾਰ, 5 ਮਾਰਚ) ਤੱਕ ਵੀ ਰਜਿਸਟਰ ਕਰ ਸਕਦੇ ਹੋ। **ਜੇਕਰ ਤੁਸੀਂ 20 ਅਕਤੂਬਰ ਤੱਕ ਰਜਿਸਟਰਡ ਕੀਤਾ ਹੋਵੇਗਾ, ਤਾਂ ਤੁਹਾਨੂੰ ਡਾਕ ਰਾਹੀਂ ਆਪਣਾ ਬੈਲਟ ਪੇਪਰ ਪ੍ਰਾਪਤ ਹੋ ਜਾਵੇਗਾ।**

## ਵਿਕਲਪ 1 - ਡਾਕ ਦੁਆਰਾ ਵੋਟ ਕਰੋ

ਤੁਸੀਂ ਡਾਕ ਰਾਹੀਂ ਬੈਲਟ ਪੇਪਰ ਵਾਪਸ ਭੇਜ ਸਕਦੇ ਹੋ। ਡਾਕ ਪੋਸਟ ਕਰਨ ਦੀ ਲੋੜ ਨਹੀਂ! ਆਪਣਾ ਬੈਲਟ ਪੇਪਰ ਭਰੋ, ਉਸ ਨੂੰ ਮੁਹੱਈਆ ਕੀਤੇ ਲਿਫਾਫੇ ਵਿੱਚ ਪਾਉ, ਲਿਫਾਫੇ 'ਤੇ ਦਸਤਖਤ ਕਰੋ, ਤਾਰੀਖ ਲਿਖੋ ਅਤੇ ਸੀਲ ਕਰੋ। ਯਕੀਨੀ ਬਣਾਓ ਕਿ ਇਹ 5 ਮਾਰਚ ਨੂੰ ਦਿਨ ਦੇ ਖਤਮ ਹੋਣ ਤੋਂ ਪਹਿਲਾਂ ਭੇਜ ਦਿੱਤਾ ਗਿਆ ਹੋਵੇ। ਯਕੀਨੀ ਬਣਾਓ ਕਿ 5 ਨਵੰਬਰ ਤੱਕ ਇਸ ਨੂੰ ਪੋਸਟਮਾਰਕ ਕੀਤਾ ਜਾਵੇ।



## ਵਿਕਲਪ 2 - ਛੱਡ ਕੇ ਆਉਣਾ

ਤੁਸੀਂ ਆਪਣੇ ਕਾਉਂਟੀ ਚੋਣ ਦਫ਼ਤਰ ਜਾਂ ਕਿਸੇ ਵੀ ਵੋਟਿੰਗ ਸਥਾਨ 'ਤੇ ਆਪਣਾ ਬੈਲਟ ਪੇਪਰ ਛੱਡ ਕੇ ਆ ਸਕਦੇ ਹੋ। ਜ਼ਿਆਦਾਤਰ ਕਾਉਂਟੀਆਂ ਵਿੱਚ ਸੁਰੱਖਿਅਤ ਡਰਾਪ ਬਾਕਸ ਵੀ ਹੁੰਦੇ ਹਨ ਜੋ ਕਿ ਅਕਤੂਬਰ ਮਹੀਨੇ ਦੇ ਸ਼ੁਰੂਆਤ ਵਿੱਚ ਉਪਲਬਧ ਹੁੰਦੇ ਹਨ। ਤੁਸੀਂ caearlyvoting.sos.ca.gov 'ਤੇ ਡਰਾਪ ਬਾਕਸ ਬਾਰੇ ਦੇਖ ਸਕਦੇ ਹੋ। ਯਕੀਨੀ ਬਣਾਓ ਕਿ ਤੁਸੀਂ ਇਸਨੂੰ 5 ਨਵੰਬਰ ਨੂੰ ਰਾਤ 8 ਵਜੇ ਤੋਂ ਪਹਿਲਾਂ ਛੱਡ ਦਿਓ।



## ਵਿਕਲਪ 3 - ਖੁਦ ਵੋਟ ਪਾ ਕੇ ਆਉਣਾ

ਚੋਣਾਂ ਦਾ ਦਿਨ **ਮੰਗਲਵਾਰ, 5 ਨਵੰਬਰ** ਹੈ। ਵੋਟਾਂ **ਸਵੇਰੇ 7 ਵਜੇ ਤੋਂ ਸ਼ਾਮ** 8 ਵਜੇ ਤੱਕ ਪੈਣਗੀਆਂ। ਤੁਸੀਂ sos.ca.gov/elections/polling-place 'ਤੇ ਆਪਣਾ ਪੋਲਿੰਗ ਸਥਾਨ ਦੇਖ ਸਕਦੇ ਹੋ।

ਕਈ ਕਾਉਂਟੀਆਂ **ਸ਼ਨੀਵਾਰ, ਅਕਤੂਬਰ 26 ਤੋਂ ਮੰਗਲਵਾਰ, 5 ਨਵੰਬਰ** ਤੱਕ ਵਿਅਕਤੀਗਤ ਤੌਰ 'ਤੇ ਵੋਟਿੰਗ ਦੀ ਪੇਸ਼ਕਸ਼ ਵੀ ਕਰਨਗੀਆਂ। ਆਪਣੇ ਸਥਾਨਕ ਚੋਣ ਦਫਤਰ ਨਾਲ ਸੰਪਰਕ ਕਰੋ ਜਾਂ caearlyvoting.sos.ca.gov 'ਤੇ ਵੋਟਿੰਗ ਸਥਾਨਾਂ ਨੂੰ ਦੇਖੋ। ਵਿਅਕਤੀਗਤ ਤੌਰ 'ਤੇ ਵੋਟਿੰਗ ਨੂੰ ਹੋਰ ਵੀ ਆਸਾਨ ਬਣਾਉਣ ਲਈ, ਤੁਸੀਂ ਡਾਕ ਰਾਹੀਂ ਪ੍ਰਾਪਤ ਹੋਏ ਬੈਲਟ ਪੇਪਰ ਨੂੰ ਆਪਣੇ ਵੋਟਿੰਗ ਸਥਾਨ 'ਤੇ ਲਿਆਓ।

